# ਮਾਡਲ ਪ੍ਰਸ਼ਨ-ਪੱਤਰ
## ਜਮਾਤ : ਦਸਵੀਂ
## ਵਿਸ਼ਾ : ਪੰਜਾਬੀ
## Set – B

**ਕੋਡ : 037** | **ਸੈਸ਼ਨ : 2023–24**
**ਸਮਾਂ : ਤਿੰਨ ਘੰਟੇ** | **ਕੁੱਲ ਅੰਕ : 80**
**ਪੇਪਰ : ਸਾਲਾਨਾ**

ਨੋਟਃ ਲਿਖਾਈ ਸ਼ੁੱਧ, ਸੁੰਦਰ ਅਤੇ ਖੁਲ੍ਹੀ-ਖੁਲ੍ਹੀ ਕਰਨ ਦਾ ਜਤਨ ਕਰੋ।

❖ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

### ਭਾਗ (ੳ)

1. **ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋਃ 5**

ਬਸੰਤ ਰੁੱਤ ਵਿਚ ਕੁਦਰਤ ਇਕ ਸਜ-ਵਿਆਹੀ ਨਾਰ ਵਾਂਗ ਸਜਦੀ ਹੈ। ਦਰੱਖਤਾਂ ਤੇ ਪੌਦਿਆਂ ਦੇ ਨਵੇਂ ਪੱਤੇ ਅਤੇ ਫੁੱਲਦਾਰ ਬੂਟਿਆ ਦੇ ਰੰਗ-ਬਿਰੰਗੇ ਫੁੱਲ ਇਕ ਵਾਰ ਤਾਂ ਮਨ ਨੂੰ ਮੁਗਧ ਕਰ ਦਿੰਦੇ ਹਨ। ਸਰ੍ਹੋਂ ਦੇ ਬਸੰਤੀ ਰੰਗ ਦੇ ਫੁੱਲਾਂ ਨਾਲ ਭਰਿਆ ਹੋਇਆ ਆਲਾ-ਦੁਆਲਾ ਇਸ ਤਰ੍ਹਾਂ ਲਗਦਾ ਹੈ, ਜਿਵੇਂ ਕੁਦਰਤ ਪੀਲੇ ਗਹਿਣੇ ਪਹਿਨ ਕੇ ਬਸੰਤ ਦਾ ਤਿਉਹਾਰ ਮਨਾ ਰਹੀ ਹੋਵੇ। ਬਾਗਾਂ ਵਿਚ ਕਿਧਰੇ ਗੁਲਾਬ ਦੇ ਫੁੱਲ ਮਨ ਨੂੰ ਮੋਹਿਤ ਕਰਦੇ ਹਨ, ਕਿਧਰੇ ਕਲੀਆਂ ਖੁਸਬੂਆਂ ਛੱਡਦੀਆਂ ਹਨ, ਕਿਧਰੇ ਸੂਰਜਮੁਖੀ ਝੂੰਮਦੇ ਹਨ ਤੇ ਕਿਧਰੇ ਗੇਂਦੇ ਦੇ ਫੁੱਲ ਮਹਿਕਾਂ ਵੰਡਦੇ ਹਨ। ਭੌਰੇ, ਸ਼ਹਿਦ ਦੀਆਂ ਮੱਖੀਆਂ ਤੇ ਤਿੱਤਲੀਆਂ ਫੁੱਲਾਂ ਉੱਪਰ ਉਡਾਰੀਆਂ ਮਾਰਦੀਆਂ ਤੇ ਖੁਸ਼ੀ ਵਿਚ ਨਚਦੀਆਂ ਹਨ। ਇਨ੍ਹਾਂ ਦਿਨਾਂ ਵਿਚ ਅੰਬਾਂ 'ਤੇ ਬੂਰ ਆ ਜਾਂਦਾ ਹੈ ਤੇ ਨਿੱਕੀਆਂ-ਨਿੱਕੀਆਂ ਅੰਬੀਆਂ ਤੁਰ ਪੈਂਦੀਆਂ ਹਨ। ਕੋਇਲ ਦੀ ਕੂ-ਕੂ ਸੁਣ ਕੇ ਹਰ ਇਕ ਦੇ ਮਨ ਨੂੰ ਮਸਤੀ ਚੜ੍ਹਦੀ ਹੈ। ਹਰ ਪਾਸਾ ਹਰਾ-ਭਰਾ ਤੇ ਫੁੱਲਾਂ ਨਾਲ ਲੱਦਿਆ ਦਿਖਾਈ ਦਿੰਦਾ ਹੈ। ਹਰ ਕਿਸੇ ਦਾ ਮਨ ਕਰਦਾ ਹੈ ਕਿ ਉਹ ਇਸ ਸੁਗੰਧਿਤ ਵਾਤਾਵਰਨ ਵਿਚ ਬਾਹਰ ਜਾ ਕੇ ਆਪਣਾ ਮਨ ਪ੍ਰਸੰਨ ਕਰੇ।

(i) ਬਸੰਤ ਰੁੱਤ ਕਿਸ ਵਾਂਗ ਸਜਦੀ ਹੈ?

(ii) ਇਸ ਰੁੱਤ ਵਿੱਚ ਕਿਹੜੇ ਫੁੱਲ ਆਪਣੀ ਖੁਸਬੂ ਛੱਡਦੇ ਹਨ?

(iii) ਫੁੱਲਾਂ ਉੱਪਰ ਕੌਣ-ਕੌਣ ਮੰਡਰਾਉਂਦਾ ਹੈ?

2. (i) 'ਸਤਾਨ' ਪਿਛੇਤਰ ਤੋਂ ਇੱਕ ਸ਼ਬਦ ਬਣਾਓ : 1

(ii) 'ਬਦ' ਅਗੇਤਰ ਤੋਂ ਇੱਕ ਸ਼ਬਦ ਬਣਾਓ : 1

Downloaded from cclchapter.com

(iii) ਆਪਣਾ ਪਤਾ ਦੱਸੋ। (ਪ੍ਰਸ਼ਨਵਾਚਕ ਵਾਕ ਬਣਾਓ) 1

(iv) ਕਸਰਤ ਕਰਨ ਦਾ ਕੋਈ ਨੁਕਸਾਨ ਨਹੀਂ। (ਹਾਂ-ਵਾਚਕ ਵਾਕ ਬਣਾਓ) 1

**3. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਵਿੱਚੋਂ ਸਹੀ ਉੱਤਰ ਚੁਣ ਕੇ ਲਿਖੋ:** 1x4=4

(i) ਸ਼ੁੱਧ ਸ਼ਬਦ ਚੁਣੋ :

(ੳ) ਰਾਨੀ (ਅ) ਰਾਂਣੀ

(ੲ) ਰਾਣੀ (ਸ) ਕੋਈ ਵੀ ਨਹੀਂ

(ii) 'ਸੱਦੀ ਨਾ ਬੁਲਾਈ..........' ਅਖਾਣ ਪੂਰੀ ਕਰੋ ।

(ੳ) ਮੈਂ ਮੁੰਡੇ ਦੀ ਤਾਈ (ਅ) ਮੈਂ ਲਾੜੇ ਦੀ ਤਾਈਂ

(ੲ) ਮੈਂ ਲਾੜੇ ਦੀ ਝਾਈ (ਸ) ਮੈਂ ਲਾੜੇ ਦੀ ਭਰਜਾਈ

(iii) 'ਮੈਂ ਰੋਟੀ ਖਾਧੀ' ਵਾਕ ਵਿਚ 'ਖਾਧੀ' ਕਿਹੋ ਜਿਹੀ ਕਿਰਿਆ ਹੈ?

(ੳ) ਅਕਰਮਕ (ਅ) ਸਕਰਮਕ

(ੲ) ਕਰਮਹੀਨ (ਸ) ਕਰਤਾਹੀਨ

(iv) ਵਿਸ਼ੇਸ਼ਣ ਕਿੰਨੀ ਪ੍ਰਕਾਰ ਦੇ ਹੁੰਦੇ ਹਨ?

(ੳ) ਦੋ (ਅ) ਪੰਜ

(ੲ) ਚਾਰ (ਸ) ਛੇ

**4. ਹੇਠ ਲਿਖੇ ਵਾਕ ਨੂੰ ਵਿਸ਼ਰਾਮ ਚਿੰਨ੍ਹ ਲਗਾ ਕੇ ਲਿਖੋ : 3**

ਹਾਂ ਜੀ ਇਹ ਗਲਤੀ ਮੈਥੋਂ ਹੋਈ ਹੈ ਮੈਂ ਸਜ਼ਾ ਦਾ ਹਕਦਾਰ ਹਾਂ

**5. ਹੇਠ ਲਿਖੇ ਮੁਹਾਵਰਿਆਂ ਵਿਚੋਂ ਕਿਸੇ ਇਕ ਮੁਹਾਵਰੇ ਨੂੰ ਅਰਥ ਸਹਿਤ ਵਾਕ ਵਿਚ ਵਰਤੋਂ : 2**

(i) ਘੋੜੇ ਵੇਚ ਕੇ ਸੌਣਾ

(ii) ਨੱਕ ਵੱਟਣਾ

6. ਹੇਠ ਲਿਖੇ ਵਾਕ ਨੂੰ ਸੋਧ ਕੇ ਲਿਖੋ : 2

ਸੱਪ ਨੂੰ ਸੋਹਨ ਨੇ ਡਾਂਗ ਨਾਲ ਮਾਰਿਆ

**7. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇਕ ਵਿਸ਼ੇ ਉੱਤੇ ਦਿੱਤੇ ਹੋਏ ਨੁਕਤਿਆਂ ਦੇ ਆਧਾਰ 'ਤੇ 200 ਸ਼ਬਦਾਂ ਦਾ ਲੇਖ ਲਿਖੋ : 5**

**ਗੁਰੂ ਗੋਬਿੰਦ ਸਿੰਘ ਜੀ**

**ਨੁਕਤੇ :** ਸਿੱਖਾਂ ਦੇ ਦਸਵੇਂ ਗੁਰੂ, ਜਨਮ ਤੇ ਮਾਤਾ-ਪਿਤਾ, ਆਨੰਦਪੁਰ ਆਉਣਾ, ਪਿਤਾ ਦੀ ਕੁਰਬਾਨੀ, ਜੰਗੀ ਤਿਆਰੀਆਂ, ਮਹਾਨ ਕਵੀ, ਖਾਲਸਾ ਪੰਥ ਦੀ ਸਾਜਨਾ, ਮੁਗ਼ਲ ਫ਼ੌਜਾਂ ਨਾਲ ਯੁੱਧ ਤੇ ਕੁਰਬਾਨੀਆਂ, ਤਲਵੰਡੀ ਸਾਬੋ ਵਿਚ ਜੋਤੀ-ਜੋਤ ਸਮਾਉਣਾ

Downloaded from cclchapter.com

ਜਾਂ

**ਪੰਜਾਬ ਦੇ ਲੋਕ-ਗੀਤ**

**ਨੁਕਤੇ** : ਪੰਜਾਬ, ਲੋਕ-ਗੀਤਾਂ ਦੀ ਧਰਤੀ, ਲੋਕ-ਗੀਤਾਂ ਦੀ ਰਚਨਾ, ਬੇਜੋੜ ਕਲਪਨਾ, ਉਡਾਰੀ, ਲੋਕ-ਗੀਤਾਂ ਦੇ ਰੂਪ, ਬਚਪਨ ਦੇ ਲੋਕ-ਗੀਤ, ਤਿਉਹਾਰਾਂ ਬਾਰੇ ਲੋਕ-ਗੀਤ, ਜਵਾਨੀ ਤੇ ਸੁੰਦਰਤਾ ਦਾ ਜ਼ਿਕਰ, ਵਿਆਹ ਦੇ ਗੀਤ, ਸਹੁਰੇ-ਘਰ ਦਾ ਵਰਣਨ, ਲੋਕ-ਗੀਤਾਂ ਵਿਚ ਇਤਿਹਾਸ।

ਜਾਂ

**ਦਾਜ ਪ੍ਰਥਾ (ਦਾਜ ਦੀ ਸਮੱਸਿਆ)**

**ਨੁਕਤੇ** : ਕੁਰੀਤੀਆਂ ਭਰਿਆ ਭਾਰਤੀ ਸਮਾਜ, ਨਵ-ਵਿਆਹੁਤਾ ਕੁੜੀਆਂ ਦੇ ਕਤਲ, ਦਾਜ ਕੀ ਹੈ? ਇਕ ਲਾਹਨਤ, ਦੂਰ ਕਰਨ ਦੇ ਉਪਾਅ, ਸਾਰ-ਅੰਸ਼ ।

8. **ਹੇਠ ਲਿਖਿਆਂ ਨੁਕਤਿਆਂ ਦੇ ਆਧਾਰ 'ਤੇ ਕੋਈ ਇਕ ਪੱਤਰ ਲਿਖੋ। 5**

ਆਪਣੇ ਰਾਜ ਦੇ ਵਿੱਦਿਆ ਮੰਤਰੀ ਨੂੰ ਇਕ ਚਿੱਠੀ ਰਾਹੀਂ ਇਹ ਬੇਨਤੀ ਕਰੋ ਕਿ ਤੁਹਾਡੇ ਇਲਾਕੇ ਵਿਚ ਇਕ ਕਾਲਜ ਖੋਲ੍ਹਿਆ ਜਾਵੇ।

**ਨੁਕਤੇ** : ਪਤਾ.......... ਸਤਿਕਾਰ ਭਰੇ ਸ਼ਬਦ.......... ਵਿਸ਼ਾ.......... ਕਾਲਜ ਖੋਲ੍ਹਣ ਦੀ ਤਾਕੀਦ, ਕਾਲਜ ਦੀ ਜ਼ਰੂਰਤ, ਇਲਾਕੇ ਦੀ ਅਬਾਦੀ, ਮਨਜ਼ੂਰੀ, ਧੰਨਵਾਦ, ਸਿਰਨਾਵਾਂ।

ਜਾਂ

ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਬੀਮਾਰੀ ਦੀ ਛੁੱਟੀ ਲੈਣ ਲਈ ਬਿਨੈ ਪੱਤਰ ਲਿਖੋ।

**ਨੁਕਤੇ** : ਸਤਿਕਾਰ ਭਰੇ ਸ਼ਬਦ, ਵਿਸ਼ਾ, ਸਕੂਲ ਨਾ ਆਉਣ ਦਾ ਕਾਰਨ, ਧੰਨਵਾਦ ਆਪਣਾ ਸਿਰਨਾਵਾਂ।

**ਭਾਗ (ਅ)**

9. **ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :** **3**

ਧਰਤੀ ਸੰਗ ਹੋਂਦ ਵਿਚ ਆਏ, ਹੁੰਦਾ ਏ ਪ੍ਰਤੀਤ ।
ਮਾਨਵਤਾ ਦੀ ਕਰਨਗੇ ਸੇਵਾ, ਰਹਿੰਦੀ ਦੁਨੀਆਂ ਤੀਕ।
ਰੁੱਖਾਂ ਚੋਂ ਹੀ ਲੱਭਣਾ ਸਾਨੂੰ ਕੁਦਰਤ ਦਾ ਸਿਰਨਾਵਾਂ।
ਰੁੱਖਾਂ ਨਾਲੋਂ ਧਰਤੀ ਜਿੱਦਾਂ ਵਿਚ ਬੱਚਿਆਂ ਦੇ ਮਾਵਾਂ।

ਜਾਂ

ਬੇਗਾਨੀ ਅੰਗਰੇਜ਼ੀ ਨੂੰ ਅਸੀਂ ਜੱਫੀਆਂ ਪਾਉਂਦਾ ਹਾਂ,

Downloaded from cclchapter.com

ਹਿੰਦੀ ਮਾਸੀ ਨੂੰ ਵੀ ਝੁਕ ਝੁਕ ਸੀਸ ਨਿਵਾਉਂਦੇ ਹਾਂ,
ਮਾਂ ਰੁਲਦੀ, ਪੁੱਤ ਕਰਦਾ ਨਾ ਕੋਈ ਧਿਆਨ ਪੰਜਾਬੀ ਦਾ
ਜ਼ੱਰਾ ਜ਼ਰਾ ਕਹਿ ਉਠੇ, ਸਾਨੂੰ ਮਾਣ ਪੰਜਾਬੀ ਦਾ

**10. ਬਹੁ-ਵਿਕਲਪੀ ਉੱਤਰਾਂ ਵਿਚੋਂ ਸਹੀ ਉੱਤਰ ਚੁਣੋ :** 1x5=5

(i) ਜਨਮ-ਮਰਨ ਦੇ ਗੇੜ ਵਿਚ ਕੌਣ ਪੈਂਦਾ ਹੈ?
(ੳ) ਮਨਮੁਖਿ (ਅ) ਗੁਰਮੁਖਿ
(ੲ) ਤਿਆਗੀ (ਸ) ਗ੍ਰਹਿਸਤੀ

(ii) ਕਿਸ ਦੀ ਮਿਜਮਾਨੀ ਦੀ ਗੱਲ ਕੀਤੀ ਗਈ ਹੈ?
(ੳ) ਰਿਸ਼ਤੇਦਾਰਾਂ ਦੀ (ਅ) ਮਿੱਤਰ-ਪ੍ਰਭੂ ਦੀ
(ੲ) ਦੋਸਤਾਂ ਦੀ (ਸ) ਸਹੇਲੀ ਦੀ

(iii) ਸੁਆਣੀਆਂ ਉੱਪਰ ਕਿਸ ਦਾ ਅਸਰ ਪੈ ਗਿਆ ਹੈ?
(ੳ) ਫੈਸ਼ਨ ਦਾ (ਅ) ਬਾਹਰ ਘੁੰਮਣ ਦਾ
(ੲ) ਪੀਜ਼ੇ ਤੇ ਬਰਗਰਾਂ ਦਾ (ਸ) ਵਿਹਲੇ ਬੈਠਣ ਦਾ

(iv) 'ਦਸਵੰਧ' ਤੋਂ ਕੀ ਭਾਵ ਹੈ?
(ੳ) ਦਸ ਰੁਪਏ (ਅ) ਦੱਸ ਵਿਚ ਬੰਨੇ ਹੋਣਾ
(ੲ) ਆਪਣੀ ਕਮਾਈ ਦਾ ਦਸਵਾਂ ਹਿੱਸਾ ਲੋੜਵੰਦਾਂ ਉਤੇ ਖਰਚ ਕਰਨਾ
(ਸ) ਕੋਈ ਵੀ ਨਹੀਂ

(v) ਕਵੀ ਨੂੰ ਕਵਿਤਾ ਲਿਖਣੀ ਕਿਸ ਨੇ ਸਿਖਾਈ ਹੈ
(ੳ) ਹਿੰਦੀ ਬੋਲੀ ਨੇ (ਅ) ਅੰਗਰੇਜ਼ੀ ਬੋਲੀ ਨੇ
(ੲ) ਉਰਦੂ ਬੋਲੀ ਨੇ (ਸ) ਪੰਜਾਬੀ ਬੋਲੀ ਨੇ

**11. ਅਤਿ ਛੋਟੇ ਉੱਤਰ ਵਾਲੇ ਪ੍ਰਸ਼ਨ (ਇਕ ਸ਼ਬਦ ਵਾਲੇ)** 1x5=5

(i) ਰਜਨੀ ਨੇ ਸੱਪ ਨੂੰ ਕਿੱਥੇ ਭੇਜਣ ਦੀ ਬੇਨਤੀ ਕੀਤੀ ਸੀ?
(ii) ਰੋਹਿਤ ਦੇ ਬਾਬੇ ਦਾ ਨਾਂ ਕੀ ਸੀ?
(iii) ਮੀਨਾਕਸੀ ਦੀ ਮਾਂ ਉਸ ਨਾਲ ਕੀ ਖੇਡਣਾ ਚਾਹੁੰਦੀ ਸੀ?
(iv) ਬੁਰਕੇ ਵਾਲੀ ਔਰਤ ਕਿੱਥੋਂ ਦੀ ਸੀ?
(v) ਰਜਨੀ ਦਾ ਸਕੂਲ ਪਿੰਡੋ ਕਿੰਨੀ ਦੂਰ ਸੀ?

**12. ਅਤਿ ਛੋਟੇ ਉੱਤਰ ਵਾਲੇ ਪ੍ਰਸ਼ਨ (ਇਕ ਸ਼ਬਦ ਵਾਲੇ) ਕਿਸੇ ਤਿੰਨ ਪ੍ਰਸ਼ਨਾਂ ਦੇ ਉੱਤਰ ਦਿਓ** 1x3=3

(i) ਬੇਬੇ ਰਾਮ ਭਜਨੀ ਦਾ ਪਤੀ ਕਿਹੋ ਜਿਹਾ ਆਦਮੀ ਹੈ?
(ii) ਤੋਤਾ ਮੈਨਾ ਰਾਜੇ ਨੂੰ ਕਿਸ ਦਾ ਯਾਰ ਬਣਨ ਲਈ ਕਹਿੰਦੇ ਹਨ?
(iii) ਬੀਬੀ ਭਾਨੀ ਜੀ ਦੇ ਪਿਤਾ ਜੀ ਦਾ ਨਾਂ ਕੀ ਸੀ?
(iv) ਡਾ. ਕਲਾਮ ਦੇ ਪਿਤਾ ਦਾ ਨਾਂ ਕੀ ਸੀ?

Downloaded from cclchapter.com

(v) ਨਾਨਕ ਸਿੰਘ ਨੇ ਕੁਲ ਕਿੰਨੇ ਨਾਵਲ ਲਿਖੇ?

13. **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 20-25 ਸ਼ਬਦਾਂ ਵਿੱਚ ਦਿਓ** : 2x4=8

(i) ਲੋਕ ਜਮੀਨਾਂ ਵੇਚ ਕੇ ਕੀ ਖ਼ਰੀਦ ਰਹੇ ਹਨ?

(ii) 'ਹਉਮੈ' ਕਿਸ ਤਰ੍ਹਾਂ ਮਨੁੱਖੀ ਦਿਮਾਗ ਨੂੰ ਹੰਕਾਰ ਨਾਲ ਭਰਦੀ ਹੈ?

(iii) ਘਾਹ ਦੇ ਮੈਦਾਨ ਵਿਚ ਲੇਖਕ ਨੂੰ ਕਿਨ੍ਹਾਂ ਗੱਲਾਂ ਨੇ ਪ੍ਰਭਾਵਿਤ ਕੀਤਾ?

(iv) ਅੱਠ ਤਰ੍ਹਾਂ ਦੀ ਬੁੱਧੀ ਦੇ ਨਾਂ ਲਿਖੋ।

14. **ਛੋਟੇ ਉੱਤਰਾਂ ਵਾਲੇ ਪ੍ਰਸ਼ਨ (20-25 ਸ਼ਬਦਾਂ ਵਿੱਚ)** 2x4=8

(i) ਦੋਹਾਂ ਗੁਆਂਢਣਾਂ ਵਿਚ ਅਣਬਨ ਦਾ ਕੀ ਕਾਰਨ ਸੀ?

(ii) ਟਾਹਲੀ ਉਤੇ ਬੈਠੇ ਤੋਤਾ-ਮੈਨਾ ਦੀ ਗੱਲਾਂ ਕਰਦੇ ਹਨ?

(iii) ਡਾ. ਕਲਾਮ ਨੂੰ ਭਾਰਤ ਦੇ ਕਿਹੜੇ ਵੱਡੇ-ਵੱਡੇ ਸਨਮਾਨ ਪ੍ਰਾਪਤ ਹੋਏ?

(iv) ਪੰਜਾਬੀ ਸਾਹਿਤਕਾਰਾਂ ਨੇ ਨਾਨਕ ਸਿੰਘ ਦੀ ਤੁਲਨਾ ਕਿਸ ਨਾਲ ਕੀਤੀ?

15. **ਵੱਡੇ ਉੱਤਰਾਂ ਵਾਲੇ ਪ੍ਰਸ਼ਨ (ਉੱਤਰ 30-35 ਸ਼ਬਦਾਂ ਵਿੱਚ)** : 3x2=6

(i) 'ਮਿਜਮਾਨੀ' ਕਵਿਤਾ ਵਿਚ ਆਏ ਵਿਚਾਰਾਂ ਦਾ ਸਾਰ ਲਿਖੋ ।

ਜਾਂ

'ਮਾਣ ਪੰਜਾਬੀ ਦਾ' ਕਵਿਤਾ ਵਿਚ ਆਏ ਵਿਚਾਰਾਂ ਦਾ ਸਾਰ ਲਿਖੋ।

(ii) ਲਾਇਕ ਬੱਚਿਆ ਦੀ ਹਉਮੈਂ ਬਾਰੇ ਲੇਖਿਕਾ ਨੇ ਕੀ ਦੱਸਿਆ ਹੈ?

ਜਾਂ

ਕੁੜੀ ਦੇ ਸਹੁਰੇ ਘਰ ਦੇ ਰਿਸ਼ਤਿਆਂ ਵਿਚੋਂ ਉਪਜੇ ਤਣਾਓ ਭਰੇ ਵਾਤਾਵਰਨ ਨਾਲ ਸੰਬੰਧਿਤ ਕੋਈ ਗੀਤ ਲਿਖੋ।

16. (i) ਓ.ਸੀ.ਆਰ. (OCR) ਸਾਫਟਵੇਅਰ ਬਾਰੇ ਦੱਸੋ। 3x2=6

ਜਾਂ

ਫਰਜ਼ ਕਰੋ, ਤੁਸੀ ਆਪਣੀ ਘੱਟ ਨੀਂਦ ਤੋਂ ਪਰੇਸ਼ਾਨ ਹੋ। ਇਸ ਲਈ ਤੁਸੀ ਕੀ ਢੰਗ ਅਪਣਾਉਗੇ।

(ii) 'ਨੰਬਰ ਵਨ ਦੀ ਰੇਸ' ਪਾਠ ਦੇ ਆਧਾਰ ਉੱਤੇ ਤੁਸੀ ਪੰਜਾਬੀਆਂ ਨੂੰ ਕੀ ਸਲਾਹ ਦਿਓਗੇ।

ਜਾਂ

Downloaded from cclchapter.com

ਹੰਕਾਰੀ ਬੰਦੇ ਦੇ ਬਕਵਾਸ ਦਾ ਟਾਕਰਾ ਕਿਸ ਤਰ੍ਹਾਂ ਕਰਨਾ ਚਾਹੀਦਾ ਹੈ?

17(i) ਆਸਟ੍ਰੇਲੀਆਂ ਦੀਆਂ ਪਾਰਕਾਂ ਵਿਚ ਲੋਕਾਂ ਦੇ ਆਪਣਾ ਬਣਾ ਕੇ ਖਾਣ ਲਈ ਕੀ ਪ੍ਰਬੰਧ ਸੀ? 3x2=6

ਜਾਂ

'ਕੰਪਿਊਟਰ ਵਰ ਕਿ ਸਰਾਪ' ਵਿਸ਼ੇ ਉਤੇ ਇਕ ਨੋਟ ਲਿਖੋ।

(ii) ਵਿਆਹ ਵੇਲੇ ਪਰਿਵਾਰ ਵਿਚ ਕੀ-ਕੀ ਕੀਤਾ ਜਾਂਦਾ ਹੈ? ਪਾਠ ਦੇ ਆਧਾਰ 'ਤੇ ਦੱਸੋ।

ਜਾਂ

ਖੰਡਿਤ ਵਿਅਕਤੀ ਦਾ ਜਨਮ ਕਿਸ ਤਰ੍ਹਾਂ ਹੁੰਦਾ ਹੈ?

✡ ✡ ✡ ✡ ✡ ✡

Downloaded from cclchapter.com